**ਬਰਾਂਚ ਦਫਤਰ**

1700-155 Carlton Street
Winnipeg MB R3C 3H8
ਟੈਲੀਫੋਨ 204-945-2476 ਟਾਲ ਫਰੀ: 1-800-782-8403 ਫੈਕਸ: 204-945-6273
ਈ-ਮੇਲ: rtb@gov.mb.ca

143-340 9th Street Brandon MB R7A 6C2 ਟੈਲੀਫੋਨ 204-726-6230 ਟਾਲ ਫਰੀ: 1-800-656-8481 ਫੈਕਸ: 204-726-6589 ਈ-ਮੇਲ: rtbbrandon@gov.mb.ca

113-59 Elizabeth Dr.
Thompson MB R8N 1X4
ਟੈਲੀਫੋਨ 204-677-6496 ਟਾਲ ਫਰੀ: 1-800-229-0639 ਫੈਕਸ: 204-677-6415 ਈ-ਮੇਲ: rtbthompson@gov.mb.ca

# ਰੈਜ਼ੀਡੈਂਸ਼ੀਅਲ ਟੇਨੈਂਸੀਜ਼ ਬਰਾਂਚ

# ਤੱਥ ਸ਼ੀਟ

## ਰੈਜ਼ੀਡੈਂਸ਼ੀਅਲ ਟੇਨੈਂਸੀਜ਼ ਬਰਾਂਚ

**ਰੈਜ਼ੀਡੈਂਸ਼ੀਅਲ ਟੇਨੈਂਸੀਜ਼ ਬਰਾਂਚ ਦੇ ਚਾਰ ਮੁੱਖ ਰੋਲ ਹਨ:**

- ਜਾਣਕਾਰੀ/ਸਿਖਿਆ
- ਜਾਂਚ ਪੜਤਾਲ
- ਸਾਲਸੀ
- ਨਿਰਣਾ ਕਰਨਾਂ

## ਜਾਣਕਾਰੀ/ਸਿਖਿਆ

ਅਸੀ ਮਕਾਨ ਮਾਲਕਾਂ ਅਤੇ ਕਿਰਾਏਦਾਰਾਂ ਨੂੰ *ਰੈਜ਼ੀਡੈਂਸ਼ੀਅਲ ਟੇਨੈਂਸੀਜ਼ ਐਕਟ* ਅਤੇ *ਲਾਈਫ ਲੀਜ਼ ਐਕਟ* ਅਤੇ ਸਾਡੇ ਢੰਗ ਤਰੀਕਿਆਂ ਤਹਿਤ ਉਨ੍ਹਾਂ ਦੇ ਜੋ ਅਧਿਕਾਰ ਅਤੇ ਜ਼ਿੰਮੇਵਾਰੀਆਂ ਹਨ ਉਨ੍ਹਾਂ ਬਾਰੇ ਜਾਣਕਾਰੀ ਦਿੰਦੇ ਹਾਂ। ਅਸੀਂ ਇਹ ਜਾਣਕਾਰੀ ਟੈਲੀਫੋਨ ‘ਤੇ, ਵਾਕ-ਇਨ ਇੰਟਰਵਿਊ ਦੁਆਰਾ ਜਾਂ ਚਿੱਠੀ ਦੁਆਰਾ ਦਿੰਦੇ ਹਾਂ

ਅਸੀਂ ਮਕਾਨ ਮਾਲਕਾਂ ਕਿਰਾਏਦਾਰਾਂ ਜਾਂ ਹੋ ਵਿਅਕਤੀਆਂ ਦੇ ਗਰੁੱਪਾਂ ਨੂੰ ਆਪਣੇ ਵਿਧੀ ਵਿਧਾਨ ਬਾਰੇ ਪੇਸ਼ਕਾਰੀਆਂ ਦਿੰਦੇ ਹਾਂ। ਅਸੀਂ ਲੋਕਾਂ ਨੂੰ ਮਾਕਨ ਮਾਲਕਾਂ ਅਤੇ ਕਿਰਾਏਦਾਰਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਸਿਖਿਅਤ ਕਰਨ ਲਈ ਸੈਮੀਨਾਰ ਲਗਾਉਂਦੇ ਹਾਂ।

ਸਾਡੇ ਕੋਲ ਮਕਾਨ ਮਾਲਕਾਂ ਅਤੇ ਕਿਰਾਏਦਾਰਾਂ ਦੀ ਦਿਲਚਸਪੀ ਵਾਲੇ ਕਈ ਵਿਸ਼ਿਆਂ ਬਾਰੇ ਤੱਥ ਸ਼ੀਟਾਂ ਮੌਜੂਦ ਹਨ। ਇਨ੍ਹਾਂ ‘ਚ ਸ਼ਾਮਲ ਹਨ: ਸਕਿਉਰਿਟੀ ਡਿਪਾਜ਼ਟ, ਨੋਟਿਸ, ਸਬਲੈੱਟ ਕਰਨਾਂ, ਦਾਖਲੇ ਦਾ ਅਧਿਕਾਰ, ਅਧਿਕਾਰ ਅਤੇ ਜ਼ਿੰਮੇਵਾਰੀਆਂ।

## ਜਾਂਚ ਪੜਤਾਲ

ਅਸੀਂ *ਰੈਜ਼ੀਡੈਂਸ਼ੀਅਲ ਟੇਨੈਂਸੀਜ਼ ਐਕਟ* ਅਤੇ *ਲਾਈਫ ਲੀਜ਼ ਐਕਟ* ਦੀਆਂ ਸੰਭਾਵਤ ਉਲੰਘਣਾਵਾਂ ਦੀ ਜਾਂਚ ਪੜਤਾਲ ਕਰਦੇ ਹਾਂ ਅਤੇ ਝਗੜਿਆਂ ਨੂੰ ਨਿਪਟਾਉਣ ਲਈ ਪਿੱਠਵਰਤੀ ਜਾਣਕਾਰੀ ਪ੍ਰਦਾਨ ਕਰਦੇ ਹਾਂ। ਜਾਂਚ ਪੜਤਾਲ ਅਫਸਰ ਮਕਾਨ ਮਾਲਕ ਅਤੇ ਕਿਰਾਏਦਾਰ ਅਤੇ ਕਿਸੇ ਵੀ ਗਵਾਹ ਜਾਂ ਕਿਸੇ ਸ਼ਾਮਲ ਏਜੰਸੀ (ਮਿਸਾਲ ਵਜੋਂ ਪਬਲਿਕ ਹੈਲਥ ਇੰਸਪੈਕਟਰ) ਨਾਲ ਸੰਪਰਕ ਕਰਦੇ ਹਨ। ਜਿਹੜੀ ਜਾਣਕਾਰੀ ਅਸੀਂ ਜਾਂਚ ਪੜਤਾਲ ਦੌਰਾਨ ਪ੍ਰਾਪਤ ਕਰਦੇ ਹਾਂ ਉਹ ਮਕਾਨ ਮਾਲਕ ਅਤੇ ਕਿਰਾਏਦਾਰ ਨੂੰ ਉਪਲਬਧ ਹੁੰਦੀ ਹੈ।

## ਸਾਲਸੀ

ਸਾਡਾ ਸਟਾਫ ਮਕਾਨ ਮਾਲਕਾਂ ਅਤੇ ਕਿਰਾਏਦਾਰਾਂ ਦਰਮਿਆਨ ਬਹੁਤੇ ਝਗੜਿਆਂ (ਮਿਸਾਲ ਵਜੋਂ ਸਕਿਉਰਿਟੀ ਡਿਪਾਜ਼ਿਟ, ਮੁਆਵਜ਼ੇ ਲਈ ਦਾਅਵੇ, ਖਤਮ ਕਰਨ ਦੇ ਨੋਟਿਸ) ‘ਚ ਸਾਲਸੀ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਕ ਸਾਲਸੀ ਅਫਸਰ ਮਕਾਨ ਮਾਲਕ ਅਤੇ ਕਿਰਾਏਦਾਰ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਕਿਸੇ ਅਜਿਹੇ ਸਮਝੌਤੇ ‘ਤੇ ਪਹੁੰਚਾਉਣ ‘ਚ ਮਦਦ ਕਰਦਾ ਹੈ ਜਿਹੜਾ ਦੋਹਾਂ ਧਿਰਾਂ ਨੂੰ ਤਸੱਲੀਬਖਸ਼ ਲੱਗਦਾ ਹੋਵੇ। ਸਾਲਸੀ ਟੈਲੀਫੋਨ ਅਤੇ ਟੈਲੀਕਾਨਫਰੰਸ, ਆਹਮੋ ਸਾਹਮਣੇ ਜਾਂ ਲਿਖਤੀ ਢੰਗ ਨਾਲ ਕੀਤੀ ਜਾਂਦੀ ਹੈ। ਸਾਲਸੀ ਵਾਲੇ ਸਮਝੌਤਿਆਂ ਦੀ ਹਮੇਸ਼ਾਂ ਲਿਖਤੀ ਰੂਪ ‘ਚ ਪ੍ਰੋੜਤਾ ਕਰਵਾਈ ਜਾਂਦੀ ਹੈ।ਕੋਈ ਸਮਝੌਤਾ ਜ਼ਬਰੀ ਲਾਗੂ ਕੀਤਾ ਜਾ ਸਕਦਾ ਹੈ ਜੇਕਰ ਇਕ ਧਿਰ ਉਸ ਅਨੁਸਾਰ ਚੱਲਣ ‘ਚ ਅਸਫਲ ਰਹਿੰਦੀ ਹੈ।

(ਦੂਜੇ ਪਾਸੇ ਵੇਖੋ)

# ਨਿਰਣਾ ਕਰਨਾਂ

ਨਿਰਣਾ ਕਰਨਾਂ ਫੈਸਲਾ ਕਰਨ ਦਾ ਅਮਲ ਹੁੰਦਾ ਹੈ। ਫੈਸਲੇ ਜਾਂ ਤਾਂ ਇਕ ਸੁਣਵਾਈ ਦੌਰਾਨ ਜਾਂ ਫਿਰ ਜਾਂਚ-ਪੜਤਾਲ ਦੌਰਾਨ ਮਕਾਨ ਮਾਲਕ ਅਤੇ ਕਿਰਾਏਦਾਰ ਕੋਲੋਂ ਪ੍ਰਾਪਤ ਹੋਈ ਲਿਖਤੀ ਜਾਣਕਾਰੀ ਤੋਂ ਬਣਾਏ ਜਾਂਦੇ ਹਨ। ਮਕਾਨ ਮਾਲਕ ਅਤੇ ਕਿਰਾਏਦਾਰ ਆਪਣੇ ਸਬੂਤਾਂ ਅਤੇ ਆਪਣੇ ਗਵਾਹਾਂ ਸਹਿਤ ਸੁਣਵਾਈ 'ਚ ਹਾਜ਼ਰ ਹੋ ਸਕਦੇ ਹਨ। ਸਾਰੇ ਫੈਸਲੇ ਲਿਖਤੀ ਰੂਪ 'ਚ ਜਾਰੀ ਕੀਤੇ ਜਾਂਦੇ ਹਨ ਅਤੇ ਫੈਸਲਾ ਲਏ ਜਾਣ ਦੇ ਕਾਰਨ ਵੀ ਦਿੱਤੇ ਜਾਂਦੇ ਹਨ। ਸਾਰੇ ਫੈਸਲਿਆਂ ਦੀ ਰੈਜ਼ੀਡੈਂਸ਼ੀਅਲ ਟੇਨੈਂਸੀ ਕਮਿਸ਼ਨ ਕੋਲ ਅਪੀਲ ਕੀਤੀ ਜਾ ਸਕਦੀ ਹੈ।